# ਹੀਰ ਵਾਰਿਸ: ਰਚਨਾਤਮਕ ਪੱਖ

'ਵਾਰਿਸ ਸ਼ਾਹ' ਪੰਜਾਬੀ ਕਿੱਸਾਕਾਰੀ ਦੇ ਜਗਤ ਵਿਚ ਬੇਮਿਸਾਲ ਅਤੇ ਉਤਕ੍ਰਿਸ਼ਟ ਕਿੱਸਾਕਾਰ ਹੋਇਆ ਹੈ। ਉਸ ਦੁਆਰਾ ਰਚੀ ਗਈ 'ਹੀਰ' ਇਕ ਬੇਨਜ਼ੀਰ ਰਚਨਾ ਹੈ, ਜਿਹੜੀ ਪੰਜਾਬੀ ਕਿੱਸਾਕਾਰੀ ਜਗਤ ਦਾ ਗੁਲਦਸਤਾ ਸ਼ਿੰਗਾਰ ਬਣਦੀ ਹੈ। ਵਾਰਿਸ ਪੰਜਾਬੀ ਕਿੱਸਾਕਾਰੀ ਦਾ ਉਸਤਾਦ ਹੋਣ ਦੇ ਨਾਲ ਨਾਲ ਉਚੇਰੀ ਅਤੇ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਵੀ ਹੈ। ਉਸ ਦੀ ਹੀਰ ਇਕ ਪ੍ਰੌੜ੍ਹ ਰਚਨਾ ਹੈ, ਜੋ ਕਿੱਸਾਕਾਰੀ ਦੇ ਵਿਧਾਨ ਉਤੇ ਪੂਰੀ ਤਰ੍ਹਾਂ ਖਰੀ ਉਤਰਦੀ ਹੈ।

ਐਨਸਾਈਕਲੋਪੀਡੀਆ ਆਫ਼ ਲਿਟਰੇਚਰ ਅਨੁਸਾਰ,[1]

> "ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋਂ ਵੱਡਾ ਸ਼ਾਇਰ ਹੈ ਅਤੇ 'ਹੀਰ' ਉਸ ਦੀ ਬੇਹਤਰੀਨ ਰਚਨਾ ਹੈ।"
> (ਮੱਧਕਾਲੀਨ ਕਾਵਿ ਬੋਧ, ਪ੍ਰੋ. ਬ੍ਰਹਮਜਗਦੀਸ਼ ਸਿੰਘ/188)

ਵਾਰਿਸ ਸ਼ਾਹ ਨੇ 'ਹੀਰ' ਦੀ ਰਚਨਾ ਕਰਕੇ ਜਿਥੇ ਇਸਦਾ ਮਾਣ ਅਤੇ ਗੌਰਵ ਵਧਾਇਆ, ਉਥੇ ਇਸਨੂੰ ਅਮੀਰੀ ਛੋਹਾਂ ਨਾਲ ਮਾਲਾਮਾਲ ਵੀ ਕਰ ਦਿੱਤਾ। ਵਾਰਿਸ ਤੋਂ ਪਹਿਲਾ ਵੀ ਹੀਰ ਉਪਰ ਕਈ ਕਿੱਸਾਕਾਰਾ ਨੇ ਹੱਥ ਅਜ਼ਮਾਇਆ, ਪਰ ਇਹ ਵਾਰਿਸ ਦੇ ਹੱਥ ਆ ਕੇ ਹੋਰ ਵੀ ਜ਼ਿਆਦਾ ਨਿਖਰ ਗਈ। ਇਸ ਦੇ ਇੰਨੇ ਜ਼ਿਆਦਾ ਪ੍ਰਚਲਿਤ ਹੋਣ ਜਾਣ ਦੇ ਕਈ ਕਾਰਨ ਸਨ, ਜਿਵੇਂ: ਇਸਦੀ ਕੇਂਦਰੀ ਮੁਹਾਵਰੇ ਵਾਲੀ ਤੇ ਸੌਖੀ ਸਮਝ ਆਉਣ ਵਾਲੀ ਪੰਜਾਬੀ ਬੋਲੀ, ਬੈਂਤ ਛੰਦ, ਕਾਵਿਕ ਵਰਨਣ, ਪੰਜਾਬ ਦੇ ਪੇਂਡੂ ਅਤੇ ਸਭਿਆਚਾਰ ਦੀ ਸੁਚੱਜੀ ਚਿਤਰਕਾਰੀ, ਲੋਕ ਸੂਝ ਅਤੇ ਸਿਆਣਪਾਂ ਦੀ ਵਰਤੋਂ, ਕਿੱਸੇ ਦਾ ਨਾਟਕੀ ਮੌਕਿਆਂ ਨੂੰ ਬਣਨ ਤੇ ਉਸਾਰਨ ਦਾ ਕਮਾਲ, ਨਾਇਕ ਨਾਇਕਾ ਦੀਆਂ ਦੁਖੀਆਂ ਰਗਾਂ ਉਪਰ ਉਂਗਲ ਧਰਨੀ, ਜਜ਼ਬਿਆਂ ਦਾ ਵਰਨਣ ਆਦਿ। ਇਹਨਾਂ ਸਭ ਅੰਸ਼ਾਂ ਨੇ ਉਸਦੀ ਰਚਨਾ ਵਿਚ ਅਮੀਰੀ ਭਰ ਦਿੱਤੀ ਹੈ।

ਡਾ. ਕਿਰਪਾਲ ਸਿੰਘ ਕਸੇਲ ਅਨੁਸਾਰ,[2]

> "ਕਿੱਸੇ ਦੀ ਕਹਾਣੀ ਤੇ ਤਾਂ ਪਹਿਲਾ ਵੀ ਕਈ ਕਵੀਆਂ ਨੇ ਹੱਥ ਅਜ਼ਮਾਇਆ

> ਹੈ, ਪਰ ਇਸ ਜਾਦੂਗਰ ਕਲਾਕਾਰ ਦੇ ਹੱਥਾਂ ਦੀ ਛੋਹ ਨਾਲ ਜਿਥੇ ਇਹ ਰਚਨਾ ਅਮਰ ਹੋ ਗਈ, ਉਥੇ ਇਸਦੇ ਨਾਇਕ- ਨਾਇਕਾ ਨੂੰ ਵੀ ਸਦਾ ਲਈ ਪੰਜਾਬੀ ਜੀਵਨ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ।"

ਸੋ ਕਿਹਾ ਜਾ ਸਕਦਾ ਹੈ ਕਿ ਵਾਰਿਸ ਪੰਜਾਬੀ ਕਿੱਸਾ ਕਾਵਿ ਦਾ ਇਕ ਸਿਰੋਮਣੀ ਕਵੀ ਸੀ। ਬੇਸ਼ੱਕ ਉਸ ਦਾ ਇਕ ਹੀ ਕਿੱਸਾ 'ਹੀਰ ਵਾਰਿਸ' ਉਪਲਬਧ ਹੈ ਪਰ ਇਸੇ ਇਕੋ-ਇਕ ਰਚਨਾ ਦੇ ਮਾਧਿਅਮ ਦੁਆਰਾ ਉਸ ਨੇ ਆਪਣੀ ਕਾਵਿ-ਕੀਰਤੀ ਦੀ ਛਾਪ ਪੱਕੇ ਤੌਰ ਉਤੇ ਸਥਾਪਿਤ ਕਰ ਦਿੱਤੀ! ਉਸਨੇ ਆਪਣੀ ਇਸ ਰਚਨਾ ਦੇ ਹਰ ਅੰਗ, ਹਰ ਤੱਤ, ਨੂੰ ਆਪਣੀ ਅਦਭੁੱਤ ਪ੍ਰਤਿਭਾ ਦੁਆਰਾ ਉਲੇਖਯੋਗ ਬਣਾ ਦਿੱਤਾ ਹੈ!

ਪਰ ਇਥੇ ਸਾਡਾ ਮੂਲ ਵਿਸ਼ਾ 'ਹੀਰ-ਵਾਰਿਸ' ਦੇ ਕਲਾਤਮਕ ਪੱਖ ਉਪਰ ਵਿਚਾਰ ਚਰਚਾ ਕਰਨਾ ਹੈ ਜਿਸ ਦੁਆਰਾ ਉਸ ਦੀ ਕਾਵਿ ਪ੍ਰਤਿਭਾ ਨੂੰ ਸਮਝਿਆ ਜਾ ਸਕਦਾ ਹੈ! ਹੀਰ ਵਾਰਿਸ ਵਿਚਲੇ ਕਲਾਤਮਕ-ਪੱਖ ਬਾਰੇ ਆਪਣੇ ਉਚਿਤ ਰਾਏ ਪੇਸ਼ ਕਰਦੇ ਹੋਏ,
ਡਾ. ਬਿਕਰਮ ਸਿੰਘ ਘੁੰਮਣ ਲਿਖਦੇ ਹਨ,[3]

> "ਹੀਰ ਵਾਰਿਸ ਦੇ ਉੱਚਤਮ ਦਰਜਾ ਪ੍ਰਾਪਤ ਕਰਨ ਦਾ ਕਾਰਨ ਉਸਦੇ ਕਿੱਸੇ ਵਿਚ ਮਿੱਠੇ ਰਸੀਲੇ ਬਿਆਨ, ਵਰਣਨ ਵਿਚ ਕਾਵਿਮਈ ਖੁਲ੍ਹ ਤੇ ਉਡਾਰੀਆਂ.... ਸ਼ਿੰਗਾਰ ਅਨੁਭਵ, ਕਰੁਣਾ ਰਸ..... ਬੈਂਤ ਦਾ ਸਫਲ ਨਿਭਾਉ, ਨਾਟਕੀ ਢੰਗ ਦੀ ਨਿਪੁੰਨ ਵਰਤੋਂ, ਸ਼ਬਦਾਵਲੀ ..... ਬੋਲੀ ਦੀ ਠੇਠਤਾ, ਨਿੱਗਰ, ਸਾਰਥਕ ਤੇ ਢੁਕਵੇਂ ਅਲੰਕਾਰ ਦੀ ਵਰਤੋਂ ਆਦਿ ਖੂਬੀਆਂ ਦਾ ਹੋਣਾ ਹੈ!"

(ਵਾਰਿਸ ਸ਼ਾਹ: ਕਿੱਸਾ ਹੀਰ ਰਾਂਝਾ ਪਾਠ ਤੇ ਆਲੋਚਨਾ/26)

ਸੋ ਉਪਰੋਕਤ ਵਿਚਾਰ ਚਰਚਾ ਦੇ ਅਧਾਰ ਤੇ ਜੋ ਕਲਾਤਮਕ ਤੱਤ

ਹੀਰ ਵਾਰਿਸ ਵਿਚੋਂ ਉਭਰ ਕੇ ਦ੍ਰਿਸ਼ਟੀਗੋਚਰ ਹੁੰਦੇ ਹਨ, ਉਹ ਇਸ ਪ੍ਰਕਾਰ ਹਨ:-

**ਹੀਰ ਵਾਰਿਸ: ਕਲਾਤਮਕ ਪੱਖ**

- ਭਾਸ਼ਾ (1)
- ਸ਼ੈਲੀ (2)
- ਅਲੰਕਾਰ (3)
- ਬਿੰਬ ਵਿਧਾਨ (4)
- ਰਸ (5)
- ਛੰਦ ਪ੍ਰਬੰਧ (6)
- ਪ੍ਰਕਿਰਤੀ ਚਿਤਰਨ (7)
- ਸੰਗੀਤਕਤਾ (8)
- ਅਟੱਲ ਸਚਾਈਆਂ (9)
- ਕਲਪਨਾ ਤੱਤ (10)
- ਕਾਵਿ ਅਨੁਭਵ (11)
- ਪਰਾਸਰੀਰਕ ਅੰਸ਼ (12)

ਇਹਨਾਂ ਕਲਾਤਮਕ ਤੱਤਾਂ ਸੰਬੰਧੀ ਵਿਸਥਾਰਪੂਰਵਕ ਚਰਚਾ ਇਸ ਪ੍ਰਕਾਰ ਹੈ:-

ੳ. **ਭਾਸ਼ਾ:** 'ਹੀਰ ਵਾਰਿਸ' ਦੇ ਇਤਨਾ ਸੁਆਦਲਾ ਤੇ ਲੋਕਪ੍ਰਿਯ ਹੋਣ ਦਾ ਪ੍ਰਮੁੱਖ ਕਾਰਣ ਇਸ ਵਿਚ ਵਰਤੀ ਗਈ ਠੇਠ ਤੇ ਲੋਕ ਪੱਧਰ ਦੀ ਬੋਲੀ ਹੈ। ਉਸ ਨੇ ਆਪਣੇ ਕਿੱਸੇ ਵਿਚ ਫ਼ਾਰਸੀ, ਹਿੰਦੀ, ਲਹਿੰਦੀ ਅਤੇ ਠੇਠ ਪੰਜਾਬੀ ਦੀ ਵਰਤੋਂ ਕੀਤੀ ਹੈ। ਇਸਦੀ ਬੋਲੀ ਮੁਹਾਵਰੇਦਾਰ ਹੈ, ਅਖਾਉਤਾਂ ਤੇ ਅਖਾਣ ਆਮ ਵਰਤੇ ਗਏ ਹਨ। ਉਸ ਦੀ ਸ਼ਬਦ ਚੋਣ ਅਤੇ ਢੁਕਵੀਂ ਬੋਲੀ ਦਾ ਇਹ ਗੁਣ ਹੈ ਕਿ ਉਹ ਮੌਲਵੀਆਂ ਦੇ ਪਾਖੰਡ ਦੀਆਂ ਗੰਢਾਂ ਖੋਲਣ ਲਈ ਗਾੜ੍ਹੇ ਤੇ ਕਠੋਰ ਸ਼ਬਦ ਅਖਵਾਉਂਦਾ ਹੈ। ਉਸਦਾ ਸ਼ਬਦ ਭੰਡਾਰ ਬਹੁਤ ਵਿਸ਼ਾਲ ਹੈ। ਪਰ ਮੂਲ ਰੂਪ ਵਿਚ ਲਹਿੰਦੀ ਦਾ ਜ਼ਿਆਦਾ ਪ੍ਰਭਾਵ ਹੈ।

ਡਾ. ਜੀਤ ਸਿੰਘ ਸੀਤਲ ਅਨੁਸਾਰ,[4]

"ਵਾਰਿਸ ਦਾ ਸਮੁੱਚਾ ਲਹਿਜਾ ਲਹਿੰਦਾ ਹੀ ਸੀ। ਕਿਉਂਕਿ ਉਸਦਾ ਜਨਮ ਸਥਾਨ ਜੰਡਿਆਲਾ ਸ਼ੇਰ ਖਾਂ ਲਹਿੰਦੀ ਦੇ ਖਿੱਤੇ ਵਿਚ ਹੋਇਆ ਸੀ।"

ਹਾਸ਼ਮ ਸ਼ਾਹ ਨੇ ਫ਼ਾਰਸੀ ਸ਼ਬਦਾਵਲੀ ਦੀ ਉਚਿਤ ਵਰਤੋਂ ਕੀਤੀ ਹੈ। ਉਸ ਦੁਆਰਾ ਵਰਤੇ ਗਏ ਸ਼ਬਦ ਓਪਰੇ ਨਹੀਂ ਲਗਦੇ ਬਲਕਿ ਪਾਠਕਾਂ ਨੂੰ ਇਸਦੇ ਅਰਥ ਅਸਾਨੀ ਨਾਲ ਸਮਝ ਆ ਜਾਂਦੇ ਹਨ। ਹਾਸ਼ਮ ਦੁਆਰਾ ਵਰਤੀ ਗਈ ਭਾਸ਼ਾ ਵਿਚ ਅਰਬੀ ਤੇ ਫ਼ਾਰਸੀ ਦੇ ਮੇਲ ਦੁਆਰਾ ਪੰਜਾਬੀ ਬੋਲੀ ਦਾ ਉੱਤਮ ਨਮੂਨਾ ਇਸ ਪ੍ਰਕਾਰ ਪ੍ਰਸਤੁਤ ਹੈ:-

- ਹੋਠ ਸੁਰਖ਼ ਯਾਕੂਤ ਜਿਉਂ ਲਾਲ ਚਮਕਣ,
  ਠੋਡੀ ਸੇਉ ਵਿਲਾਇਤੀ ਸਾਰ ਵਿਚੋਂ।
  ਨੱਕ ਅਲਫ਼ ਹੁਸੈਨੀ ਦਾ ਪੀਪਲਾ ਸੀ,
  ਜ਼ੁਲਫ਼ ਨਾਗ ਖ਼ਜ਼ਾਨੇ ਦੀ ਬਾਰ ਵਿਚੋਂ।

ਹਾਸ਼ਮ ਸ਼ਾਹ ਦੁਆਰਾ ਵਰਤੀ ਗਈ ਫ਼ਾਰਸੀ, ਠੇਠ ਪੰਜਾਬੀ, ਲਹਿੰਦੀ ਸ਼ਬਦਾਵਲੀ ਦੇ ਨਮੂਨੇ ਇਸ ਪ੍ਰਕਾਰ ਹਨ:-

੧. ਫ਼ਾਰਸੀ ਸ਼ਬਦਾਵਲੀ: ਅਵਲ, ਹਮਦ, ਖ਼ੁਦਾ, ਇਸ਼ਕ, ਨਬੀ, ਰਸੂਲ, ਮਰਤਬਾ, ਇਬਾਦਤ, ਹੱਕ, ਨਜ਼ੂਲ, ਮਕਬੂਲ, ਖ਼ਾਕ, ਗ਼ਮਨਾਕ, ਮੋਮਨ, ਗ਼ੁਸਲ, ਖ਼ੌਫ਼, ਬਹਿਸ਼ਤ ਆਦਿ।

੨. ਠੇਠ ਪੰਜਾਬੀ ਸ਼ਬਦਾਵਲੀ: ਛੈਲ ਗਭਰੂ, ਰੰਗ, ਰੰਨ, ਆਰਸੀ, ਪਿੰਡਾ ਭੁਇੰ, ਮੁੰਡਾ, ਚੰਦਰੀ, ਭੱਤਾ, ਕੁਆਰੀ, ਚੂੰਡੇ, ਕਮਲੀ ਮਦ-ਮੱਤੀ, ਰੰਗ ਰੰਗੀਲੀ, ਬਾਬ ਬਹਾਉਣਾ ਆਦਿ।

3. ਲਹਿੰਦੀ ਸ਼ਬਦਾਵਲੀ: ਡਿੰਢਣ, ਅੜਿਆ, ਨੱਢੀ, ਮਾਰਸਾਂ, ਸੋਹਣੀ, ਕੀਚੂੰ, ਪਿਨਦਾ, ਸਿੜ੍ਹ, ਰਿੱਠ ਕੁਰਸੀ, ਫੂਰਸੇ, ਨਿਖਸਮੜੀ, ਪਰੂਹਣਾ, ਜਿਨ੍ਹਾਵਸਾਂ ਆਦਿ।

ਇਸ ਸ਼ਬਦਾਵਲੀ ਤੋਂ ਇਲਾਵਾ ਉਸਨੇ ਕੁਝ ਗਾਲ੍ਹਾਂ ਦੇ ਨਮੂਨੇ ਵੀ ਪੇਸ਼ ਕੀਤੇ ਹਨ। ਜਿਵੇਂ:

ਬੇਹਯਾ, ਖ਼ੂਕ ਖਾਣੀ, ਅਜ਼ਲ ਬੰਗਾਣ, ਕਮਜ਼ਾਤ, ਕੁਪੱਤੜੀ, ਕਜ਼ਮੀ, ਹਰਾਮੀ, ਸ਼ੁਸ਼ਟੰਡਾ, ਛਪਰ ਨੱਕੀ, ਝੁੱਗੀ ਪੱਟ ਆਦਿਕ।

੨. **ਸ਼ੈਲੀ:** ਵਾਰਿਸ ਸ਼ਾਹ ਦੀ ਕਾਵਿ ਸ਼ੈਲੀ ਉਪਰ ਮਜ਼ਬੂਤ ਪਕੜ ਹੈ। ਉਹ ਜਾਣਦਾ ਹੈ ਕਿ ਸ਼ੈਲੀ ਵਿਚ ਨਿਪੁੰਨ ਹੋਣ ਤੋਂ ਬਿਨਾਂ ਉਤਮ ਪ੍ਰਕਾਰ ਦੀ ਕਾਵਿ ਰਚਨਾ ਨਹੀਂ ਕੀਤੀ ਜਾ ਸਕਦੀ। ਇਸ ਨੇ ਆਪਣੀ ਰਚਨਾ ਦੇ ਨਿਰੂਪਣ ਲਈ ਕਾਵਿ-ਸ਼ੈਲੀਆਂ ਦੀਆਂ ਛਹਿਬਰ ਲਗਾ ਦਿੱਤੀ ਹੈ। ਇਸ ਨੇ ਆਪਣੀ ਰਚਨਾ ਵਿਚ ਬਿੰਬਾਤਮਕ ਸ਼ੈਲੀ, ਵਿਆਖਿਆਤਮਕ, ਸੰਬਾਦਮਈ ਸ਼ੈਲੀ, ਨਾਟਕੀ ਸ਼ੈਲੀ, ਵਿਅੰਗਮਈ ਸ਼ੈਲੀ ਆਦਿ ਦੀ ਸੁੰਦਰਤਾ ਨਾਲ ਵਰਤੋਂ ਕੀਤੀ ਹੈ।

## ਡਾ. ਬਿਕਰਮ ਸਿੰਘ ਘੁੰਮਣ ਅਨੁਸਾਰ,[5]

> "ਕਵਿਤਾ ਵਿਚ ਪ੍ਰਕਿਰਤੀ ਵਰਣਨ, ਅਟੁੱਟ ਰਿਦਮ, ਚੁਸਤ ਤੇ ਅਛੂਤ ਤੁਕਾਂਤਬੰਦੀ, ਢੁਕਵੇਂ ਸ਼ਬਦਾਂ ਦਾ ਭੰਡਾਰ, ਆਪ ਮੁਹਾਰੇ ਤੁਰੇ ਆਉਂਦੇ ਸੁਹਜ ਭਰੇ ਸ਼ਬਦਾਂ ਦੇ ਜੜ ਢਬਵੀਂ ਬੀੜਨ ਕਲਾ, ਅਟੁੱਟ ਤੇ ਵੇਗਮਈ ਰਿਦਮ ਆਦਿ ਉਸਦੀ ਕਾਵਿ ਸ਼ੈਲੀ ਦੇ ਮੀਰੀ ਗੁਣ ਹਨ।"
>
> (ਵਾਰਿਸ ਸ਼ਾਹ: ਕਿੱਸਾ ਹੀਰ ਰਾਂਝਾ, ਪਾਠ ਤੇ ਆਲੋਚਨਾ/70)

ਵਾਰਿਸ ਸ਼ਾਹ ਦੀ ਮਨਸ਼ਾ ਇਸ ਕਿੱਸੇ ਦੇ ਬਿਰਤਾਂਤ ਨੂੰ ਕਿਸੇ ਕਹਾਣੀ ਵਾਂਗ ਮਾਤਰ ਸੁਣਾ ਛੱਡਣ ਦੀ ਨਹੀਂ ਸੀ ਬਲਕਿ ਨਾਟਕ ਵਾਂਗ ਇਸ ਨੂੰ ਘਟਿਤ ਹੁੰਦੀ/ਵਾਪਰਦੀ ਵਿਖਾਉਣਾ ਸੀ। ਇਸ ਲਈ ਉਹ ਹੇਠ ਲਿਖੀਆਂ ਸ਼ੈਲੀਆਂ ਦੀ ਵਰਤੋਂ ਕਰਦਾ ਹੈ:-

### ੧. ਬਿੰਬਾਤਮਕ ਸ਼ੈਲੀ:

- ਰਾਂਝਾ ਜੋਤਰਾ ਵਾਹ ਕੇ ਥੱਕ ਰਹਿਆ, ਲਾਹ ਅਰਲੀਆਂ ਛਾਉਂ ਨੂੰ ਆਵਿੰਦਾ ਹੈ।
  ਭੱਤਾ ਆਣ ਕੇ ਭਾਬੀ ਨੇ ਕੋਲ ਧਰਿਆ, ਹਾਲ ਆਪਣਾ ਰੋਇ ਸੁਣਾਵਿੰਦਾ ਹੈ।
  ਛਾਲੇ ਪਏ ਤੇ ਹੱਥ ਤੇ ਪੈਰ ਪਾਟੇ, ਸਾਨੂੰ ਵਾਹੀ ਦਾ ਕੰਮ ਨਾ ਆਵਿੰਦਾ ਹੈ।
  ਭਾਬੀ ਆਖਦੀ ਲਾਡਲਾ ਬਾਪ ਦਾ ਸੈਂ, ਵਾਰਿਸ ਸ਼ਾਹ ਨੂੰ ਪਿਆਰਾ ਮਾਉਂ ਦਾ ਹੈ।

### ੨. ਵਿਅੰਗਾਤਮਕ ਸ਼ੈਲੀ:

- ਸਾਨੂੰ ਦੱਸ ਨਿਸ਼ਾਨ ਹੈ ਕਾਸ ਦੀ ਨੀ, ਕਾਸ ਨਾਲ ਬਣਾਇ ਕੇ ਸਾਰੀਆਂ ਨੇ।

3. **ਅਲੰਕਾਰ:** 'ਹੀਰ ਵਾਰਿਸ' ਵਿਚ ਵਾਰਿਸ ਸ਼ਾਹ ਨੇ ਰੂਪਕ, ਉਪਮਾ, ਦ੍ਰਿਸ਼-ਟਾਂਤ, ਅਤਿਸ਼ੋਕਤੀ, ਲੋਕੋਕਤੀ, ਵਕ੍ਰੋਕਤੀ, ਅਤਿਕਥਨੀ, ਆਦਿ ਦੀ ਵਰਤੋਂ ਕੀਤੀ ਹੈ।

1. **ਰੂਪਕ ਅਲੰਕਾਰ:**

- ਚਾਰੇ ਯਾਰ ਰਸੂਲ ਦੇ ਚਾਰ ਗੌਹਰ,
  ਸੱਭੇ ਇਕ ਥੀਂ ਇਕ ਚੜ੍ਹੰਦੜੇ ਨੇ!

2. **ਉਪਮਾ ਅਲੰਕਾਰ:**

- ਜ਼ੁਲਫ਼ਾਂ ਪਿੰਡ ਤੇ ਕਾਲੀਆਂ ਭੌਰ ਵਾਂਗੂੰ,
  ਜੋਕਾਂ ਹਿੱਕ ਤੇ ਆਣ ਬਹਾਈਆਂ ਨੀ!

- ਹੋਠ ਸੁਰਖ਼ ਯਾਕੂਤ ਜਿਉਂ ਲਾਲ ਚਮਕਣ,
  ਠੋਡੀ ਸੇਉ ਵਿਲਾਇਤੀ ਸਾਰ ਵਿਚੋਂ।

3. **ਅਤਿਕਥਨੀ ਅਲੰਕਾਰ:**

- ਭਵਾਂ ਵਾਂਗ ਕਮਾਨ ਲਾਹੌਰ ਦਿਸਣ,
  ਕੋਈ ਹੁਸਨ ਨਾ ਅੰਤ ਹਿਸਾਬ ਦਾ ਜੀ,
  ਸੁਰਮਾ ਨੈਣਾਂ ਦੀ ਧਾਰ ਵਿਚ ਫੱਬ ਰਿਹਾ,
  ਚੜ੍ਹਿਆ ਹਿੰਦ ਤੇ ਕਟਕ ਪੰਜਾਬ ਦਾ ਜੀ।

4. **ਲੋਕੋਕਤੀ ਅਲੰਕਾਰ:**

- ਨਾਲੇ ਰੰਨ ਗਈ ਨਾਲੇ ਕੰਨ ਪਾਟੇ,
  ਆਖ ਇਸ਼ਕ ਥੀਂ ਨਫ਼ਾ ਕੀ ਖੱਟਿਆ ਸੂ!....
  ਵਾਰਿਸ ਸ਼ਾਹ ਇਸ ਇਸ਼ਕ ਦੇ ਵਣਜ ਵਿਚੋਂ,
  ਜ਼ਰਰ ਨਾਲ ਕੀ ਖੱਟਿਆ ਵੱਟਿਆ ਸੂ।

5. **ਦ੍ਰਿਸ਼ਟਾਂਤ ਅਲੰਕਾਰ:**

- ਖੁੱਲ੍ਹੀ ਵਿਚ ਤ੍ਰਿੰਞਣਾਂ ਲਟਕਦੀ ਹੈ,
  ਹਾਥੀ ਮਸਤ ਜਿਉਂ ਫਿਰੇ ਨਵਾਬ ਦਾ ਜੀ।

4. **ਬਿੰਬ ਵਿਧਾਨ:** ਸ਼ਬਦਾਂ ਰਾਹੀਂ ਕਵੀ ਦੁਆਰਾ ਕਿਸੇ ਖਾਸ ਦ੍ਰਿਸ਼, ਮੌਕੇ, ਸਥਾਨ ਜਾਂ ਘਟਨਾ ਦੀ ਖਿੱਚੀ ਤਸਵੀਰ ਨੂੰ ਬਿੰਬ ਕਿਹਾ ਜਾਂਦਾ ਹੈ। ਬਿੰਬਾਵਲੀ ਕਵੀ ਦੀ ਕਾਵਿ-ਸ਼ੈਲੀ ਨੂੰ ਚਮਕਾਉਣ ਵਿਚ ਵੱਡਾ ਹਿੱਸਾ ਪਾਉਂਦੀ ਹੈ। ਵਾਰਿਸ ਨੇ ਨਿੱਕੀਆਂ-ਨਿੱਕੀਆਂ ਬੁਰਸ਼-ਛੋਹਾਂ ਨਾਲ ਬਹੁਤ ਸਾਰੇ ਅਰਥ-ਪੂਰਤ ਬਿੰਬਾਂ ਦਾ ਨਿਰਮਾਣ ਕੀਤਾ ਹੈ। ਵਾਰਿਸ ਸ਼ਾਹ ਦੀ ਬਿੰਬਾਵਲੀ ਬਾਰੇ ਡਾ. ਜਗਜੀਤ ਸਿੰਘ ਲਿਖਦੇ ਹਨ,(7)

> "ਰੋਮਾਂਸ ਦਾ ਰੰਗ ਸਭ ਤੋਂ ਵੱਧ ਉਸਦੀ ਬਿੰਬਾਵਲੀ ਵਿਚੋਂ ਡੁਲ੍ਹਕਦਾ ਹੈ। ਵਾਰਿਸ ਦੀ ਤਬੀਅਤ ਤਾਂ ਹੈ ਹੀ ਰੁਮਾਂਟਿਕ ਤੇ ਦੂਸਰਾ ਉਹ ਰੁਮਾਂਸ ਦੀ ਕਥਾ ਨੂੰ ਲਿਖ ਰਿਹਾ ਸੀ। ਇਸ ਕਰਕੇ ਉਸਦੀ ਬਿੰਬਾਵਲੀ ਨੂੰ ਰੋਮਾਂਸ ਦੀ ਰੰਗਣ ਚੜ੍ਹੀ ਹੈ।"

ਵਾਰਿਸ ਸ਼ਾਹ ਨੇ ਗਿਆਨ ਇੰਦਰੀਆਂ ਨਾਲ ਸੰਬੰਧਿਤ ਪੰਜ ਪ੍ਰਕਾਰ ਦੇ ਬਿੰਬਾਂ ਦੀ ਵਰਤੋਂ ਕੀਤੀ ਹੈ। ਜਿਵੇਂ:- ਦ੍ਰਿਸ਼ ਬਿੰਬ, ਨਾਦ ਬਿੰਬ, ਰਸ ਬਿੰਬ, ਸਪੱਰਸ਼ ਬਿੰਬ, ਗੰਧ ਬਿੰਬ।

1 **ਦ੍ਰਿਸ਼ ਬਿੰਬ:**

- ਚਿੜੀ ਚੂਕਦੀ ਨਾਲ ਜਾਂ ਟੁਰੇ ਪਾਂਧੀ,
  ਪਈਆਂ ਦੁੱਧ ਦੇ ਵਿਚ ਮਧਾਣੀਆਂ ਨੇ।

2. **ਨਾਦ ਬਿੰਬ:**

- ਰਾਂਝੇ ਉਠ ਕੇ ਆਖਿਆ 'ਵਾਹ ਸੱਜਣ',
  ਹੀਰ ਹੱਸ ਕੇ ਤੇ ਮਿਹਰਬਾਨ ਹੋਈ।

5. **ਰਸ ਵਿਧਾਨ :** 'ਹੀਰ ਵਾਰਿਸ' ਨੂੰ ਜੇਕਰ ਰਸ ਵਿਧਾਨ ਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਇਸ ਵਿਚ ਰਸਾਂ ਦੀ ਵੀ ਸਫ਼ਲ ਅਤੇ ਪ੍ਰਭਾਵ-ਸ਼ਾਲੀ ਵਰਤੋਂ ਕੀਤੀ ਗਈ ਹੈ। ਵੱਖ-ਵੱਖ ਪ੍ਰਕਾਰ ਦੀਆਂ ਰਸ ਵੰਨਗੀਆਂ ਨੇ ਇਸਨੂੰ ਅਤਿਅੰਤ ਲੋਕਪ੍ਰਿਯ ਬਣਾ ਦਿੱਤਾ ਹੈ। ਹੀਰ ਵਾਰਿਸ ਵਿਚ ਸ਼ਿੰਗਾਰ, ਹਾਸ, ਕਰੁਣਾ, ਵੀਰ, ਰੌਦਰ, ਵੀਭਤਸ ਅਤੇ ਸ਼ਾਂਤ ਰਸ ਦੀ ਭਰਮਾਰ ਦੇਖੀ ਜਾ ਸਕਦੀ ਹੈ।

੧. **ਸ਼ਿੰਗਾਰ ਰਸ:**

- ਕੇਹੀ ਹੀਰ ਦੀ ਕਰੇ ਤਾਰੀਫ਼ ਸ਼ਾਇਰ,
  ਮੱਥੇ ਚਮਕਦਾ ਹੁਸਨ ਮਹਿਤਾਬ ਦਾ ਜੀ।....
  ਨੈਣ ਨਰਗਸੀ ਮਿਰਗ ਮਮੋਲੜੇ ਦੇ,
  ਗੱਲ੍ਹਾਂ ਟਹਿਕੀਆਂ ਫੁੱਲ ਗੁਲਾਬ ਦਾ ਜੀ।
  ਭਵਾਂ ਵਾਂਗ ਕਮਾਨ ਲਾਹੌਰ ਦੇ ਸਨ,
  ਕੋਈ ਹੁਸਨ ਨਾ ਅੰਤ ਹਿਸਾਬ ਦਾ ਜੀ।

੨. **ਹਾਸ ਰਸ :**

- ਅਸੀਂ ਕੰਨ ਪੜਾਇ ਕੇ ਖੁਆਰ ਹੋਏ, ਸਾਥੋਂ ਨਹੀਂ ਹੁੰਦੇ ਏਡੇ ਝੇੜ੍ਹੇ ਨੀ।
  ਸਾਥੋਂ ਚੱਪਣੀ ਨਾਲ ਨਾ ਜਾਏ ਸਾਂਭੀ, ਅਸਾਂ ਢੱਗੇ ਹੀ ਅੰਤ ਨੂੰ ਜੋਵਏ ਨੀ।

3 **ਕਰੁਣਾ ਰਸ :**

- ਹੀਰ ਆਖਦੀ ਜੋਗੀਆਂ ਝੂਠ ਬੋਲੇਂ,
  ਕੌਣ ਰੁੱਠੜੇ ਯਾਰ ਮਿਲਾਂਵਦਾ ਈ।
  ਏਹਾ ਕੋਈ ਨਾ ਡਿਠਾ ਮੈਂ ਢੂੰਡ ਥੱਕੀ,
  ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ।

4. **ਵੀਰ ਰਸ :**

- ਜਵਾਨੀ ਕਮਲੀ ਰਾਜ਼ ਹੈ ਸੂਬਕੇ ਦਾ,
  ਅਸੀਂ ਕਿਸੇ ਦੀ ਕੀ ਪਰਵਾਹ ਸਾਨੂੰ।
  ਮੈਂ ਤਾਂ ਧੂਹ ਕੇ ਏਸ ਨੂੰ ਲਾਇ ਸੁੱਟਾਂ,
  ਆਇਆ ਕਿਧਰੋਂ ਇਹ ਬਾਦਸ਼ਾਹ ਸਾਨੂੰ।

**6. ਛੰਦ ਪ੍ਰਬੰਧ:** ਪੰਜਾਬੀ ਕਿੱਸਾ-ਕਾਵਿ ਛੰਦ ਵਿਧਾਨ ਦੀ ਦ੍ਰਿਸ਼ਟੀ ਤੋਂ ਬੜਾ ਅਮੀਰ ਹੈ। ਹੀਰ ਵਾਰਿਸ ਬੈਂਤ ਛੰਦ ਵਿਚ ਲਿਖੀ ਗਈ ਹੈ। ਕਵੀ ਨੇ ਬੈਂਤ ਛੰਦ ਦੇ ਪ੍ਰਚਲਿਤ ਰੂਪ ਦਾ ਵਿਸਥਾਰ ਕੀਤਾ ਹੈ ਅਤੇ ਇਸ ਛੰਦ ਦੀ ਮਕਬੂਲੀਅਤ ਵਧਾਈ ਹੈ।

ਮੌਲਾ ਬਖਸ਼ ਕੁਸ਼ਤਾ ਅਨੁਸਾਰ,[8]

"ਇਹ ਪਹਿਲੀ ਹੀਰ ਹੈ ਜੋ ਬੈਂਤਾਂ ਵਿਚ ਲਿਖੀ ਗਈ ਹੈ।"

ਵਾਰਿਸ ਸ਼ਾਹ ਇਕ ਸਫਲ ਬੈਂਤਕਾਰ ਹੈ। ਉਸ ਨੇ ਹੀਰ ਦੇ ਕਿੱਸੇ ਨੂੰ ਬੈਂਤ ਵਿਚ ਪੇਸ਼ ਕਰਕੇ ਬਹੁਤ ਹੀ ਸਵਾਦਲਾ ਤੇ ਹਰਮਨ ਪਿਆਰਾ ਬਣਾ ਦਿੱਤਾ ਹੈ। ਵਾਰਿਸ ਦੀ ਸੋਝ ਸਭ ਤੋਂ ਅਲਹਿਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,[9]

"ਵਾਰਿਸ ਨੇ ੨੦,੨੦ ਅਥਵਾ 19,੨੦ ਮਾਤ੍ਰਾ ਪ੍ਰਤਿ ਚਰਣ ਵਿਸ਼੍ਰਾਮ ਦੇ ਬੈਂਤ ਰਚੇ ਹਨ। ਕਿਤੇ ਕਿਤੇ ਮਾਤ੍ਰਾ ਦੀ ਗਿਣਤੀ ਇਕ ਅੱਧ ਵੱਧ-ਘੱਟ ਹੋ ਗਈ ਹੈ। ਪਰ ਵਾਰਿਸ ਦਾ ਬੋਲੀ ਉੱਤੇ ਇਤਨਾ ਕਾਬੂ ਹੈ ਕਿ ਉਸ ਦੀ ਇਹ ਘਾਟ ਬਹੁਤੀ ਰੜਕਦੀ ਨਹੀਂ ਹੈ।"
(ਮਹਾਨ ਕੋਸ਼, ਪੰਨਾ ਨੰ. 890)

ਸੋ ਵਾਰਿਸ ਨੇ ਛੰਦ ਪ੍ਰਬੰਧ ਦਾ ਬੜਾ ਕਲਾਤਮਕ ਪ੍ਰਯੋਗ ਕੀਤਾ ਹੈ। ਉਸ ਦੁਆਰਾ ਵਰਤੇ ਗਏ 'ਬੈਂਤ' ਛੰਦ ਦੀ ਇਕ ਉਦਾਹਰਣ ਇਸ ਪ੍ਰਕਾਰ ਹੈ:-

- ਅਸਿਆਂ ਬੱਸ ਕਰ ਗਾਲੀਆਂ ਦੇ ਨਾਲੋਂ,
  ਗਾਲੀਂ ਦਿੱਤਿਆਂ ਵੱਡੜਾ ਪਾਪ ਆਵੇ।
  ਨੀਂਹ ਰੱਬ ਦੀ ਪੱਟਣੀ ਬਹੁਤ ਔਖੀ,
  ਥੰਮ੍ਹਿਆਂ ਮਾਰਿਆਂ ਵੱਡਾ ਸਰਾਪ ਆਵੇ।

7. **ਸੰਗੀਤਕਤਾ:** ਵਾਰਿਸ ਸ਼ਾਹ ਦੀ ਭਾਸ਼ਾ ਦਾ ਜਾਦੂ ਉਸਦੇ ਸ਼ਬਦ-ਚਿੱਤਰਾਂ ਵਿਚੋਂ ਨਿਖਰ ਕੇ ਸਾਹਮਣੇ ਆਉਂਦਾ ਹੈ। ਉਸਦੇ ਸ਼ਬਦ-ਚਿੱਤਰਾਂ ਦੀ ਨੁਹਾਰ ਵੇਖਣਯੋਗ ਹੈ। ਵਾਰਿਸ ਸ਼ਾਹ ਨੇ ਹੀਰ ਦੇ ਕਿੱਸੇ ਵਿਚ ਭਾਂਤ-ਭਾਂਤ ਦੇ ਸ਼ਬਦਾਂ ਨੂੰ ਇਕ ਵਿਸ਼ੇਸ਼ ਵਿਧੀ ਨਾਲ ਮਾਲਾ ਤੇ ਮੋਤੀਆਂ ਵਾਂਗ ਪਰੋ ਕੇ ਕਲਾਮ ਤਿਆਰ ਕੀਤੀ ਹੈ, ਜਿਸ ਵਿਚੋਂ ਸੰਗੀਤਕਤਾ ਪੈਦਾ ਹੁੰਦੀ ਹੈ!

**ਉਦਾਹਰਣ:**

- ਮੂੰਹ ਘੁੱਟ ਕੇ, ਵਾਲ ਪੁੱਟ ਕੇ, ਜਿੰਦ ਕੁੱਟ ਕੇ, ਸੰਦੂ ਤਾਇਆ ਈ।
  ਹਿੱਕ ਕੁੱਟ ਕੇ, ਝਾਟਾ ਪੁੱਟ ਕੇ, ਸਾਂਤ ਟੁੱਟ ਕੇ, ਸੋਗ ਪਾਇਆ ਈ।
  ਚਿੱਟਾ ਪੁੱਟ ਕੇ, ਤੇ ਨਿਖੁੱਟ ਕੇ, ਲੱਤੀ ਸੁੱਟ ਕੇ, ਤੇ ਲਟਕਾਈਆ ਈ।

8. **ਪ੍ਰਕਿਰਤੀ ਚਿਤਰਨ:** ਪੰਜਾਬੀ ਕਿੱਸਿਆਂ ਵਿਚ ਪ੍ਰਕਿਰਤੀ ਦਾ ਚਿਤਰਣ ਸੁਤੰਤਰ ਰੂਪ ਵਿਚ ਨਹੀਂ ਕੀਤਾ ਗਿਆ ਬਲਕਿ ਇਸ ਨੂੰ ਉਪਮਾਨਾਂ ਜਾਂ ਰੂਪਕਾਂ ਦੇ ਤੌਰ ਕੀਤੀ ਜਾਂਦਾ ਹੈ। ਵਾਰਿਸ ਸ਼ਾਹ ਨੇ ਵੀ ਪ੍ਰਕਿਰਤੀ ਦੀ ਵਰਤੋਂ ਲਗਭਗ ਹਰ ਸਮੇਂ, ਸਥਾਨ ਤੇ ਮੌਕੇ ਦੇ ਅਨੁਕੂਲ ਕੀਤੀ ਹੈ!

**ਸੁਰਿੰਦਰ ਸਿੰਘ ਨਰੂਲਾ ਅਨੁਸਾਰ,**[10]

> "ਵਾਰਿਸ ਦੇ ਕਿੱਸੇ ਦਾ ਪ੍ਰਕਿਰਤਕ ਪਿਛਵਾੜਾ ਬਹੁਤ ਵਿਸ਼ਾਲ ਹੈ, ਉਹ ਪੰਛੀਆਂ ਦਾ, ਜਨੌਰਾਂ ਦਾ, ਪੰਜਾਬ ਦੀ ਬਨਸਪਤੀ ਦਾ ਵੇਰਵਾ ਅਤਿ ਸੁੰਦਰ ਢੰਗ ਨਾਲ ਆਪਣੇ ਕਿੱਸੇ ਵਿਚ ਦਰਸਾਉਂਦਾ ਹੈ।"

ਸਵੇਰ ਸਾਰ ਦੇ ਪ੍ਰਕਿਰਤੀ ਦ੍ਰਿਸ਼ ਦਾ ਚਿਤਰਣ ਇੰਝ ਕਰਦਾ ਹੈ ਜਿਵੇਂ ਪਾਠਕ ਵੀ ਉਸੇ ਸਵੇਰ ਵਿਚ ਵਿਚਰ ਰਿਹਾ ਹੁੰਦਾ ਹੈ।

**ਉਦਾਹਰਣ:**

- ਚਿੜੀ ਚੂਕਦੀ ਨਾਲ ਜਾਂ ਟੁਰੇ ਪਾਂਧੀ,
  ਪਈਆਂ ਦੁੱਧ ਦੇ ਵਿਚ ਮਧਾਣੀਆਂ ਨੇ।
  ਉਠ ਗੁਸਲ ਦੇ ਵਾਸਤੇ ਜਾ ਪਹੁੰਤੇ,
  ਸੇਜਾਂ ਰਾਤ ਨੂੰ ਜਿਨਾਂ ਨੇ ਮਾਣੀਆਂ ਨੇ।

ਹੀਰ ਦੀ ਸੁੰਦਰਤਾ ਦੇ ਬਿਆਨ ਸਮੇਂ ਵਾਰਿਸ ਸ਼ਾਹ ਨੇ ਪ੍ਰਕਿਰਤੀ ਤੇ ਪ੍ਰਕਿਰਤਕ ਵਸਤਾਂ ਦੀ ਅਲੰਕਾਰ ਭੰਡਾਰ ਵਜੋਂ ਵਰਤੋਂ ਕੀਤੀ ਹੈ।

ਹੋਠ ਸੁਰਖ਼ ਯਾਕੂਤ ਜਿਉਂ ਲਾਲ ਚਮਕਣ,
ਠੋਡੀ ਸੇਉ ਵਿਲਾਇਤੀ ਸਾਰ ਵਿਚੋਂ।
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ,
ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।

9. **ਅਟੱਲ ਸਚਾਈਆਂ:** ਵਾਰਿਸ ਸ਼ਾਹ ਪੰਜਾਬ ਦੇ ਦਿਲਾਂ ਦੀ ਆਵਾਜ਼ ਹੈ। ਉਸਦੀ ਲੋਕ-ਪ੍ਰਿਯਤਾ ਦੀ ਇਕ ਇਹ ਖੂਬੀ ਹੈ ਕਿ ਉਸਦੀ ਕਵਿਤਾ ਦੀਆਂ ਬਹੁਤ ਸਾਰੀਆਂ ਤੁਕਾਂ, ਅਖਾਉਤਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ।

ਵਾਰਿਸ ਦੇ ਕਿੱਸੇ ਦਾ ਬਿਆਨ ਆਧੁਨਿਕ ਵਿਚਾਰ ਅਨੁਸਾਰ ਬੇਸ਼ੱਕ ਯਥਾਰਥਕ ਨਾ ਹੋਵੇ ਪਰ ਇਸ ਵਿਚ ਸਮੇਂ ਦੀਆਂ ਬੇਸ਼ੁਮਾਰ ਸਚਾਈਆਂ, ਜਾਦੂ ਕਰਮਾਂ, ਪ੍ਰਤੀਕਰਮਾਂ, ਰਸਮਾਂ-ਰਿਵਾਜਾਂ, ਸੰਸਕਾਰਾਂ ਤੇ ਵਿਸ਼ਵਾਸਾਂ ਅਤੇ ਹੋਰ ਸਮਾਜਕ, ਆਰਥਿਕ ਤੇ ਧਾਰਮਿਕ ਸਚਾਈਆਂ ਦਾ ਭਰਪੂਰ ਵਰਣਨ ਹੈ। ਇਸ ਵਰਣਨ ਸਮੇਂ ਵਾਰਿਸ ਦੀਆਂ ਕੁਝ ਕਾਵਿ ਪੰਕਤੀਆਂ ਅਟੱਲ ਸਚਾਈਆਂ ਦਾ ਦਰਜਾ ਹਾਸਲ ਕਰ ਗਈਆਂ ਹਨ:-

- ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ-ਪੋਰ ਵੇ।
- ਵਾਰਿਸ ਸ਼ਾਹ ਛੁਪਾਈਏ ਖ਼ਲਕ ਪਾਸੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ।
- ਬਿਨਾਂ ਮੁਰਸ਼ਦਾਂ ਰਾਹ ਨ ਹੱਥ ਆਵੇ, ਦੁੱਧ ਬਾਝ ਨ ਰਿੱਝਦੀ ਖੀਰ ਮੀਆਂ।
- ਆਸ਼ਕ, ਭੌਰ, ਫ਼ਕੀਰ ਤੇ ਨਾਗ ਕਾਲੇ, ਬਾਝ ਮੰਤਰ ਮੂਲ ਨਾ ਕੀਲੀਏ ਜੀ।
- ਵਾਰਿਸ ਸ਼ਾਹ ਨਾ ਭੇਤ ਸੰਦੂਕ ਖੁੱਲ੍ਹੇ, ਭਾਵੇਂ ਜਾਨ ਦਾ ਜੰਦਰਾ ਟੁੱਟ ਜਾਵੇ।
- ਜਿਹੜੀਆਂ ਲੈਣ ਉਡਾਰੀਆਂ ਨਾਲ ਬਾਜ਼ਾਂ,
  ਓਹੋ ਬੁਲਬੁਲਾਂ ਬੰਦ ਮਾਰੀਦੀਆਂ ਨੀ।

10. **ਕਲਪਨਾ ਤੱਤ:** ਵਾਰਿਸ ਸ਼ਾਹ ਇਕ ਕਲਪਨਾਸ਼ੀਲ ਵਿਦਵਾਨ ਹੈ। ਪਰੰਪਰਾ ਦੇ ਅਨੁਸਾਰ ਵਾਰਿਸ ਸ਼ਾਹ ਪਾਸ ਕਹਾਣੀ ਦਾ ਬੁਨਿਆਦੀ ਢਾਂਚਾ ਮੌਜੂਦ ਸੀ, ਪਰ ਉਸ ਨੇ ਆਪਣੀ ਵਿਅਕਤੀਗਤ ਪ੍ਰਤਿਭਾ ਦੁਆਰਾ ਇਸ ਢਾਂਚੇ ਨੂੰ ਜੀਵੰਤ ਅਤੇ ਜਾਨਦਾਰ-ਧੜਕਦਾ ਬਣਾ ਦਿੱਤਾ ਹੈ। ਹੀਰ-ਰਾਂਝੇ ਦੀ ਪ੍ਰਥਮ ਮਿਲਣੀ ਦੇ ਦ੍ਰਿਸ਼ ਵਿਚ ਉਸ ਨੇ ਆਪਣੀ ਕਲਪਨਾ ਨੂੰ ਬਿਲਕੁਲ ਖੁੱਲ੍ਹਾ ਅਤੇ ਮੁਕਤ ਛੱਡ ਦਿੱਤਾ ਹੈ। ਇਸ ਦ੍ਰਿਸ਼ ਦੀ ਖ਼ੂਬਸੂਰਤੀ ਕਵੀ ਦੀ ਕਲਪਨਾ ਦਾ ਸੁੰਦਰ ਚਮਤਕਾਰ ਪੇਸ਼ ਕਰਦੀ ਹੈ।

**ਉਦਾਹਰਣ:-**

- ਮਾਣ ਮੱਤੀਏ ਰੂਪ ਗੁਮਾਨ ਭਰੀਏ, ਅਠਖੇਲੀਏ ਰੰਗ ਰੰਗੀਲੀਏ ਨੀ!
  ਆਸ਼ਿਕ, ਭੌਰ, ਫ਼ਕੀਰ ਤੇ ਨਾਗ ਕਾਲੇ, ਬਾਝ ਮੰਤਰੋਂ ਮੂਲ ਨਾ ਕੀਲੀਏ ਨੀ!
  ਇਹ ਜੋਬਨਾ ਠੱਗ ਬਾਜ਼ਾਰ ਦਾ ਈ, ਟੂਣੇਹਾਰੀਏ ਛੈਲ-ਛਬੀਲੀਏ ਨੀ!
  ਤੇਰੇ ਪਲੰਘ ਦਾ ਰੰਗ ਨਾ ਰੂਪ ਘਟਿਆ, ਟੂਣੇਹਾਰੀਏ ਛੈਲ ਛਬੀਲੀਏ ਨੀ।

11. **ਕਾਵਿ ਅਨੁਭਵ:** ਵਾਰਿਸ ਸ਼ਾਹ ਇਕ ਅਨੁਭਵੀ ਕਵੀ ਹੈ। ਇਹ ਅਨੁਭਵ ਉਸ ਨੇ ਵੱਖ-ਵੱਖ ਧਾਰਮਿਕ ਗ੍ਰੰਥ ਪੜ੍ਹ ਕੇ, ਆਲਿਮਾਂ-ਫ਼ਾਜ਼ਿਲਾਂ ਦੀ ਸੰਗਤ ਵਿਚ ਬੈਠ ਕੇ ਅਤੇ ਮਨੁੱਖੀ ਜੀਵਨ ਦੇ ਗੰਭੀਰ ਅਵਲੋਕਨ [?] ਦੁਆਰਾ ਪ੍ਰਾਪਤ ਕੀਤਾ ਸੀ। ਉਸ ਨੇ ਪੰਜਾਬ ਦੇ ਸਾਰੇ ਧਰਮਾਂ, ਸੰਪਰਦਾਵਾਂ, ਜਾਤਾਂ, ਕਿੱਤਿਆਂ ਪਸ਼ੂਆਂ ਦੀਆਂ ਸੈਂਕੜੇ ਜਾਤੀਆਂ, ਖਾਣ ਪੀਣ, ਅਤੇ ਪਹਿਨਣ ਦੇ ਪਦਾਰਥਾਂ ਤੇ ਵਸਤਾਂ ਆਦਿ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਇਹ ਰਚਨਾ ਪੰਜਾਬੀ ਸਮਾਜਿਕ ਅਤੇ ਸਭਿਆਚਾਰਕ ਜੀਵਨ ਦਾ ਮਹਾਨ ਕੋਸ਼ ਹੋ ਨਿਬੜਦੀ ਹੈ। ਉਸਦੇ ਅਨੁਭਵ ਦੀਆਂ ਵੰਨਗੀਆਂ ਦੀ ਉਦਾਹਰਨਾ ਇਸ ਪ੍ਰਕਾਰ ਹਨ:-

**ਖਾਣ-ਪੀਣ ਦੇ ਪਕਵਾਨ:**

- ਸੌਂਫ [?], ਖੰਡ ਤੇ ਘਿਉ ਪਾ ਹਰੇ [?] ਛੱਡੀ,
  ਭਾਜੀ ਲਾਵਣੀ ਨਾਲ ਲਿਉਂ ਦੇਵਰਾਂ ਦੇ।
  ਕਲਾ ਕੰਦ ਮਖਾਣਿਆਂ ਸਹਾਰ ਮਿੱਠੇ,
  ਪਕਵਾਨ ਰੰਨੇ ਨਾਲ ਤੇਵਰਾਂ ਦੇ।

## ਮੇਲ ਅਤੇ ਬਰਾਤ ਦਾ ਵਰਣਨ:

• ਭਾਰਾਂ ਬੰਨ੍ਹਾਂ ਦੀਆਂ ਮੇਲਾਂ ਦੇ ਮੇਲ ਆਏ,
ਨੂਰ ਪਰੀ ਦਾ ਜੋਸ਼ ਗਵਾਉਂਦੀਆਂ ਨੇ।
ਲੱਖ ਜੱਟੀਆਂ ਮੁਸ਼ਕ ਪਲੇਟੀਆਂ ਨੇ,
ਅੱਤਣ ਪਦਮਣੀ ਵਾਂਗ ਸੁਹਾਉਂਦੀਆਂ ਨੇ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਵਾਰਿਸ ਸ਼ਾਹ ਦਾ ਅਨੁਭਵ ਕਾਫ਼ੀ ਵਿਸ਼ਾਲ ਤੇ ਨਿਖਰਿਆ ਹੈ।

12. ਪਰਾਸਰੀਰਕ ਅੰਸ਼: ਵਾਰਿਸ ਸ਼ਾਹ ਦੀ ਰਚਨਾ ਵਿਚ ਅਜਿਹੇ ਅੰਸ਼ਾਂ ਦੀ ਭਰਮਾਰ ਤਾਂ ਨਹੀਂ ਪਰ ਫਿਰ ਵੀ ਇਸ ਪਰੰਪਰਾ ਤੋਂ ਇਹ ਰਚਨਾ ਮੁਕਤ ਨਹੀਂ ਹੋ ਸਕੀ। ਕਿੱਸੇ ਦੇ ਆਰੰਭ ਵਿਚ ਪੰਜਾਂ ਪੀਰਾਂ ਦੀ ਹੋਂਦ ਨੂੰ ਸਥਾਪਿਤ ਕੀਤਾ ਹੈ ਜੋ ਰਾਂਝੇ ਨੂੰ ਹੀਰ ਬਖਸ਼ ਜਾਂਦੇ ਹਨ ਅਤੇ ਨਾਲ ਹੀ ਉਨ੍ਹਾਂ ਨੂੰ ਇਸ ਵਿਚ ਸਿੱਝ ਹੋਣ ਲਈ ਕਹਿੰਦੇ ਹਨ:

• ਬੱਚਾ! ਦੂਰ ਨੇ ਰੱਬ ਨੂੰ ਯਾਦ ਕਰਨਾ,
ਨਹੀਂ ਇਸ਼ਕ ਨੂੰ ਲੀਕ ਲਗਾਵਣਾ ਈ,
ਅੱਠੇ ਪਹਿਰ ਖੁਦਾਇ ਦੀ ਯਾਦ ਅੰਦਰ
ਤੁਸਾਂ ਫ਼ਿਕਰ ਤੇ ਖ਼ੈਰ ਕਮਾਵਣਾ ਈ।

'ਪੰਜ-ਪੀਰ' ਮੁਸ਼ਕਿਲ ਸਮੇਂ ਹੀਰ-ਰਾਂਝੇ ਦੀ ਮਦਦ ਕਰਦੇ ਹਨ ਤੇ ਕਹਾਣੀ ਨੂੰ ਅੱਗੇ ਤੋਰਨ ਤੇ ਵਿਸਥਾਰਨ ਵਿਚ ਵੀ ਅਹਿਮ ਭੂਮਿਕਾ ਅਦਾ ਕਰਦੇ ਹਨ

ਸੋ ਇਸ ਪ੍ਰਕਾਰ ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਸਹਿਜੇ ਹੀ ਇਸ ਨਿਸ਼ਕਰਸ਼ ਉਤੇ ਪਹੁੰਚਦੇ ਹਾਂ ਕਿ 'ਹੀਰ ਵਾਰਿਸ' ਦੇ ਤੁੱਲ ਪੰਜਾਬੀ ਕਿੱਸਾ ਸਾਹਿਤ ਵਿਚ ਕੋਈ ਹੋਰ ਕਾਵਿ ਰਚਨਾ ਨਹੀਂ ਹੈ। ਵਾਰਿਸ ਦਾ ਇਹ ਕਿੱਸਾ ਲੋਕਪ੍ਰਿਯ ਅਤੇ ਸ਼ਾਹਕਾਰ ਹੋਣ ਦਾ ਮਾਣ ਪ੍ਰਾਪਤ ਕਰ ਚੁੱਕਾ ਹੈ। ਹੀਰ ਵਾਰਿਸ ਵਿਚ ਕਹਾਣੀ ਰਸ, ਕਾਵਿ ਉਡਾਰੀ, ਨਾਟਕੀ ਪਾਤਰ ਉਸਾਰੀ ਤੇ ਵਾਤਾਵਰਣ ਚਿਤਰਨ ਦੇ ਬੇਜੋੜ ਗੁਣ ਹਨ। ਵਾਰਿਸ ਦੀ ਬੋਲੀ

ਬਹੁਤ ਹੀ ਆਕਰਸ਼ਕ ਹੈ। ਉਹ ਬੋਲੀ ਪੱਖੋਂ ਅਰਬੀ, ਫ਼ਾਰਸੀ, ਸੰਸਕ੍ਰਿਤ, ਪ੍ਰਾਕ੍ਰਿਤ, ਬ੍ਰਿਜ ਭਾਸ਼ਾ ਆਦਿ ਦੇ ਪ੍ਰਚਲਤ ਸ਼ਬਦਾਂ ਨੂੰ ਪੰਜਾਬੀ ਉਚਾਰਣ ਅਨੁਸਾਰ ਢਾਲਣ ਦੀ ਮਹਾਨ ਸ਼ਕਤੀ ਰੱਖਦਾ ਹੈ। ਇਨਾਂ ਗੁਣਾ ਕਰਕੇ ਹੀ ਉਸ ਦੀ ਹੀਰ ਸਾਹਿਤਕ ਪੱਖ ਤੋਂ ਇਕ ਅਨੁਪਮ ਤੇ ਨਿਪੁੰਨ ਸਾਹਿਤਕ ਕ੍ਰਿਤ ਹੋ ਨਿਬੜਦੀ ਹੈ।

ਸੋ ਪੰਜਾਬੀ ਕਿੱਸਾ ਕਾਵਿ ਦੇ ਖੇਤਰ ਵਿਚ ਉਹ ਇਕ ਵਿਲੱਖਣ ਹਸਤਾਖ਼ਰ ਹੋਇਆ ਹੈ। ਉਸ ਦੀ ਬਰਾਬਰੀ ਕਰਨ ਵਾਲਾ ਹੋਰ ਕੋਈ ਕਿੱਸਾ ਕਵੀ ਅਜੇ ਤੱਕ ਪੈਦਾ ਨਹੀਂ ਹੋਇਆ।

- ਵਾਰਿਸ ਸ਼ਾਹ ਸੁਖਨ ਦਾ ਵਾਰਿਸ, ਨਿੰਦੇ ਕੌਣ ਉਹਨਾਂ ਨੂੰ!
  ਹਰਫ਼ ਉਹਦੇ ਤੇ ਉਂਗਲ ਧਰਨੀ, ਨਾਹੀਂ ਕਦਰ ਅਸਾਂ ਨੂੰ!
  (ਮੁਹੰਮਦ ਬਖ਼ਸ਼)

..... ..... .....